GALAXY INTERNATIONAL INTERDISCIPLINARY RESEARCH JOURNAL (GIIRJ)
ISSN (E): 2347-6915
Vol. 10, Issue 5, May. (2022)

# THE IMPORTANCE OF SILENCE IN THE CONTEXT OF POETRY

Gurbinder Singh
Assistant Professor, Department of Punjabi, Maharaja Ranjit Singh College, Malout.
Mob: 99143-15802, Mail: - gurbinder242@gmail.com

## "ਚੁੱਪ ਦਾ ਮਹੱਤਵ ਕਵਿਤਾ ਦੇ ਸੰਦਰਭ ਵਿਚ"

ਸਹਾਇਕ ਪ੍ਰੋਫੈਸਰ ਗੁਰਬਿੰਦਰ ਸਿੰਘ
ਪੰਜਾਬੀ ਵਿਭਾਗ,, ਮਹਾਰਾਜਾ ਰਣਜੀਤ ਸਿੰਘ ਕਾਲਜ,ਮਲੋਟ।
ਮੋਬ.ਨੰ:99143-15802, ਮੇਲ:-gurbinder242@gmail.com

'ਚੁੱਪ' ਮਾਨਵੀ ਜੀਵਨ ਵਿੱਚ ਇੱਕ ਅਜਿਹਾ ਵਿਸ਼ਾ ਹੈ ਜੋ ਚਿੰਤਨ ਦੀ ਮੰਗ ਕਰਦਾ ਹੈ। ਚੁੱਪ ਦੇ ਅਰਥ ਪੱਧਰ ਤੇ ਵਿਚਰਦਿਆਂ ਇਕ ਗੱਲ ਕੀਤੀ ਕਿ ਚੁੱਪ ਦੇ ਅਰਥ ਨਾ ਬੋਲਣ ਸ਼ੋਰ ਸ਼ਰਾਬਾ ਰਹਿਤ ਵਾਤਾਵਰਣ ਤੋਂ ਨਹੀਂ ਅਸਲ ਵਿਚ ਚੁੱਪ ਐ ਬਾਹਰਲੇ ਸ਼ੋਰ ਸ਼ਰਾਬੇ ਤੋਂ ਅਭਿੱਜ, ਆਪਣੇ ਅੰਤਰਮਨ ਨਾਲ ਦਵੰਦ-ਵਿਚਾਰਾਂ ਦਾ। ਕੋਈ ਵੀ ਚੁੱਪ ਸੰਪੂਰਨ ਚੁੱਪ ਨਹੀਂ ਹੁੰਦੀ। ਚੁੱਪ ਐ – ਵਾਦ ਮੰਥਨ, ਵਿਚਾਰ ਮੰਥਨ ਗਹਿਣ ਅਧਿਐਨ। ਚੁੱਪ ਐ ਵਕਤੇ ਨੂੰ ਧਿਆਨ ਨਾਲ ਸੁਨਣ ਦੀ ਪ੍ਰਕਿਰਿਆ। ਸੁਨਣ ਤੋਂ ਸਿਰਜਣ ਤੱਕ ਦਾ ਸਫ਼ਰ ਐ ਚੁੱਪ ਜਦੋਂ ਅਸੀਂ ਆਲੇ-ਦੁਆਲੇ ਚੁੱਪ ਚਾਹੁੰਦੇ ਹਾਂ ਤਾਂ ਸਾਡੇ ਮਨ ਅੰਦਰ ਸ਼ੋਰ ਹੁੰਦਾ ਵਿਚਾਰਾਂ ਦਾ ਜੋ ਬਾਹਰ ਨਿਕਲਣ ਲਈ ਤੱਤਪਰ ਹੁੰਦੇ ਹਨ। ਮਨ ਇੱਕ ਨਿਰੰਤਰ ਗਤੀ ਸ਼ੀਲ ਵਰਤਾਰਾ ਹੈ, ਜੋ ਕਦੇ ਵੀ ਚੁੱਪ ਨਹੀਂ ਹੋ ਸਕਦਾ, ਸਦਾ ਕਿਰਿਆਸ਼ੀਲ ਰਹਿੰਦਾ ਹੈ। ਸੋ ਮਨ ਅੰਦਰ ਕਦੇ ਵੀ ਸੰਪੂਰਨ ਚੁੱਪ ਨਹੀਂ ਹੋ ਸਕਦੀ। 'ਚੁੱਪ' ਆਪਣੇ ਆਪ ਵਿੱਚ ਇੱਕ ਗੰਭੀਰ ਵਿਸ਼ਾ ਹੈ। ਜੋ ਹੋਣ ਤੋਂ ਬਾਅਦ ਵਿਚਲੇ ਖਲਾਅ ਦੀ ਗੱਲ ਕਰਦੀ ਹੈ।

"ਫ਼ਿਲਹਾਲ" ਪੁਸਤਕ ਲੜੀ 7 ਵਿੱਚ ਪੰਜਾਬੀ ਦੇ ਚਿੰਤਕ ਸਾਹਿਤਕਾਰ ਅਜਮੇਰ ਰੋਡੇ ਅਤੇ ਸੁਖਪਾਲ ਦੀ ਵਾਰਤਾਲਾਪ ਜੋ 'ਚੁੱਪ' ਦੇ ਇਰਦ-ਗਿਰਦ ਪਸਰੇ ਖਲਾਅ, ਚੁੱਪ ਦੇ ਧਰਾਤਲ ਅਤੇ ਚੁੱਪ ਦੀ ਸਾਰਥਿਕਤਾ ਦੀ ਸਾਰਥਿਕ ਕਹਾਣੀ ਪਾਉਂਦੀ ਹੈ। ਇਹਨਾਂ ਦੋ ਸਾਹਿਤਕਾਰਾਂ ਦੀ 'ਚੁੱਪ' ਸੰਬੰਧੀ ਗੰਭੀਰ ਚਰਚਾ ਨੂੰ ਆਧਰ ਬਣਾ ਕੇ 'ਚੁੱਪ' ਦੇ ਅਰਥਾਂ ਤੱਕ ਪਹੁੰਚਿਆਂ ਜਾਂ ਸਕਦਾ ਹੈ।

ਫਿਲਹਾਲ ਦੇ ਇਸ ਅੰਕ ਵਿਚ 'ਚੁੱਪ' ਦੀ ਵਰਾਤਾਲਾਪ ਦਾ ਸਮੁੱਚਾ ਵਿਸ਼ਾ 'ਸੁਖਪਾਲ' ਦਾ ਕਾਵਿ ਸੰਗ੍ਰਹਿ "ਚੁੱਪ ਚਪੀਤੇ ਚੇਤਰ ਚੜਿਆਂ" ਹੈ। ਜਿਸ ਵਿੱਚ 'ਚੁੱਪ' ਬਹੁਤੀਆਂ ਕਾਵਿਤਾਵਾਂ ਵਿਚ ਪਸਰੀ ਹੋਈ ਵੇਖੀ ਜਾ ਸਕਦੀ ਹੈ। ਅਜਮੇਰ ਰੋਡੇ 'ਚੁੱਪ' ਦੀ ਮਹੱਤਤਾ ਦੀ ਗੱਲ ਕਰਦੇ ਹੋਏ, ਇੱਕ ਜਾਪਾਨੀ ਗਇਕੂ ਦੀ ਉਦਾਹਰਨ ਦਿੰਦੇ ਹਨ:-

ਪੁਰਾਤਨ ਛੱਪੜ
ਡੱਡੂ ਦੀ ਛਲਾਂਗ
ਪਾਣੀ ਦੀ ਆਵਾਜ਼

ਇਸ ਗਇਕੂ ਵਿੱਚ ਹੁੰਦੀ ਗੱਲ ਅਤੇ ਪਸਰੀ ਚੁੱਪ ਦੀ ਚਰਚਾ ਅਜਮੇਰ ਰੋਡੇ ਕਰਦਾ ਹੋਇਆ ਕਹਿੰਦਾ ਹੈ ਕਿ ਚੁੱਪ-ਡੱਡੂ ਦੀ ਛਲਾਂਗ `ਚ ਹੈ ਜਾਂ ਪਾਣੀ ਦੀ ਆਵਾਜ਼ `ਚ ਪਰ ਇੱਥੇ ਜ਼ਿਕਰ ਯੋਗ ਇਹ ਹੈ ਕਿ ਚੁੱਪ ਡੱਡੂ ਦੀ ਛਲਾਂਗ ਜਾਂ ਪਾਣੀ ਦੀ ਆਵਾਜ਼ `ਚ ਨਹੀਂ ਅਸਲ ਚੁੱਪ ਪਾਣੀ ਦੀ ਆਵਾਜ਼ ਤੋ ਬਾਅਦ ਵਾਲਾ ਖਲਾਅ, ਬਾਅਦ ਵਾਲੀ ਸ਼ਾਂਤੀ ਨੂੰ ਮੂਰਤੀਮਾਨ ਕਰਦੀ ਹੈ। ਕਵਿਤਾ ਦੇ ਸੰਦਰਭ ਵਿੱਚ ਚੁੱਪ ਦੀ ਬਹੁਤ ਮਹੱਤਤਾ ਹੈ। ਪੰਜਾਬੀ ਸੁਭਾ ਅਨੁਸਾਰ 'ਚੁੱਪ' ਕਵਿਤਾ ਵਿੱਚੋਂ ਯਤਨਾਂ ਨਾਲ ਅਨੁਭਵ ਕਰਨੀ ਪੈਂਦੀ ਹੈ, ਸੁਖਪਾਲ ਦੀ

ਕਵਿਤਾ ਵਿਸ਼ੇਸ਼ "ਚੁੱਪ ਚੁਪੀਤੇ ਚੇਤਰ ਚੜ੍ਹਿਆਂ "ਵਿੱਚ ਚੁੱਪ ਦੀ ਕੀ ਮਹੱਤਤਾ ਹੈ, ਚੁੱਪ ਦੀ ਉਸਾਰ ਧੁਨੀ ਕਿਸ ਪ੍ਰਕਾਰ ਦੀ ਹੈ, ਦੇ ਜਵਾਬ ਵਿੱਚ ਸੁਖਪਾਲ ਦਾ ਕਹਿਣਾ ਹੈ ਕਿ ਭੌਤਿਕ ਰੂਪ ਵਿੱਚ ਚੁੱਪ-ਬੋਲ ਦੀ ਵਿਰੋਧੀ ਪ੍ਰਕਿਰਿਆ ਹੈ। ਚੁੱਪ ਅਤੇ ਸ਼ਬਦ ਦੋ ਵਿਰੋਧੀ ਕਿਰਿਆਵਾਂ ਹਨ। ਪਰ ਅਜਿਹਾ ਨਹੀਂ ਹੈ ਕਿ ਚੁੱਪ ਅਤੇ ਸ਼ਬਦ ਇੱਕ ਦੂਜੇ ਦੇ ਵਿਰੋਧੀ ਨਹੀਂ ਹਨ। ਸਗੋਂ ਚੁੱਪ ਸ਼ਬਦਾਂ ਦੀ ਪੂਰਕ ਹੈ। ਕਿਸੇ ਚੀਜ਼ / ਵਸਤੂ ਨੂੰ ਸ਼ਪਸ਼ਟ ਸਮਝਣ ਅਤੇ ਦੇਖਣ ਲਈ ਉਸ ਵਸਤੂ / ਚੀਜ਼ ਦੇ ਧਰਾਤਲ ਤੋਂ ਬਿਨਾਂ ਉਸਦੇ ਪਾਠ ਧਰਾਤਲ ਤੱਕ ਪਹੁੰਚਣਾ ਜ਼ਰੂਰੀ ਹੈ, ਜੋ ਇਸ ਨੂੰ ਵਾਸਤਵਿਕਤਾ ਪ੍ਰਦਾਨ ਕਰਦੀ ਹੈ। ਜਿਵੇਂ-ਕਿਸੇ ਭਾਸ਼ਾ ਨੂੰ ਸਮਝਣ ਲਈ ਵਾਕ ਨੂੰ ਸਮਝਣ ਲਈ ਵਾਕ ਦੇ ਅਰਥਾਂ ਵਿਚ ਸਪੇਸ ਬਹੁਤ ਜ਼ਰੂਰੀ ਹੈ, ਕਿਉਂਕਿ ਇਹ ਸਪੇਸ ਹੀ ਹੈ ਜੋ ਸ਼ਬਦਾ ਨੂੰ ਅਰਥ ਪ੍ਰਦਾਨ ਕਰਦੀ ਹੈ। ਇਹ ਸਪੇਸ ਹੀ ਚੁੱਪ ਹੈ ਜੋ ਅਰਥਵਾਨ ਹੈ, ਅਰਥ ਵਾਹਕ ਹੈ। ਇਹ ਸਪੇਸ ਹੀ ਜੋ ਸ਼ਬਦਾਂ ਨੂੰ ਨਿਵੇਕਲਾਪਣ ਅਤੇ ਅਰਥ ਭਰਪੂਰਤਾ ਬਖ਼ਸ਼ਦੀ ਹੈ। ਚੁੱਪ ਇਹੋ ਸਪੇਸ ਹੈ ਜੋ ਲਿਖਣ ਵਾਲੇ ਅਤੇ ਪੜ੍ਹਣ ਵਾਲੇ ਦੇ ਧੁਰ ਅੰਦਰ ਤੱਕ ਪੁਗਦੀ ਹੈ। ਜਦੋਂ ਪਾਠਕ / ਸਰੋਤਾ ਇਨ੍ਹਾਂ ਸ਼ਬਦਾਂ ਦੇ ਅੰਤਰਨ ਨਾਲ ਜੁੜਣ ਲੱਗਦਾ ਹੈ।

ਸ਼ਬਦਾਂ ਅਤੇ ਸਤਰਾ ਵਿਚ ਵਿਚਕਾਰ ਪਸਰੀ ਸਪੇਸ ਇਕ ਭੌਤਿਕ ਚੁੱਪ ਦਾ ਰੂਪ ਹੈ, ਜਿਸ ਤੋਂ ਲੇਖਕ ਦਾ ਸੁਚੇਤ ਹੋਣਾ ਜ਼ਰੂਰੀ ਹੈ। ਇਸ ਭੌਤਿਕ ਚੁੱਪ ਦੀ ਕਲਾਤਮਿਕ ਵਰਤੋਂ ਦਾ ਹੁਨਰ ਜ਼ਰੂਰੀ ਹੈ। ਕਿਉਂਕਿ ਸ਼ਬਦਾਂ ਅਤੇ ਵਾਕਾਂ ਵਿੱਚ ਪਸਰੀ ਸਪੇਸ ਵੀ ਚੁੱਪ ਨੂੰ, ਕਵਿਤਾ ਨੂੰ ਪ੍ਰਗਟਾ ਰਹੀ ਹੁੰਦੀ ਹੈ। ਕਵਿਤਾ ਦੇ ਪ੍ਰਸੰਗ ਵਿਚ ਕਵਿਤਾਂ ਦੀ ਪਿੱਠ ਭੂਮੀ ਵਿਚਲੀ ਚੁੱਪ ਦੀ ਬਹੁਤ ਮਹੱਤਤਾ ਹੈ ਦੇਖਣ/ਸਮਝਣ ਯੋਗ ਗੱਲ ਹੈ ਕਿ ਇਸ ਭੌਤਿਕ ਚੁੱਪ ਦੇ ਪਾਰ ਮਾਨਸਿਕ ਅਤੇ ਆਤਮਿਕ ਚੁੱਪ ਵੀ ਹੁੰਦੀ ਹੈ, ਜੋ ਕਲਾ ਨੂੰ ਕਲਾ ਦੇ ਤੌਰ ਉਭਾਰਦੀ ਹੈ।

ਸੁਖਪਾਲ ਕਾਵਿ ਵਿੱਚ ਇਹ ਚੁੱਪ ਸਹਿਜ ਸੁਭਾਏ ਹੈ, ਜਿਸ ਦੇ ਜ਼ਿਕਰ ਨਾਲੋਂ ਚੁੱਪ ਨੂੰ ਮਹਿਸੂਸ ਕੀਤਾ ਗਿਆ ਹੈ, ਚੁੱਪ ਦੇ ਅਹਿਸਾਸ ਨੂੰ ਮਾਣਿਆ ਗਿਆ ਹੈ। ਸੁਖਪਾਲ ਚੁੱਪ ਦੇ ਅਰਥਾਂ ਦੀ ਗੱਲ ਕਰਦਾ ਹੋਇਆ ਕਹਿੰਦਾ ਹੈ ਕਿ " ਚੁੱਪ ਦੇ ਜ਼ਿਕਰ ਦਾ ਅਰਥ ਹੈ : ਚੁੱਪ ਗੈਰਹਾਜ਼ਰ ਹੈ। ਇਸ ਚੁੱਪ ਦੀ ਥਾਂ ਕਿਸ ਨੇ ਘੇਰੀ ਹੈ। ਚੁੱਪ ਦਾ ਵਿਰੋਧੀ ਸ਼ਬਦ ਸ਼ੋਰ ਹੈ। ਸ਼ੋਰ ਦੋ ਤਰ੍ਹਾਂ ਹੈ : ਵਿਚਾਰਾਂ ਦਾ ਤੇ ਸੰਸਕਾਰਾਂ ਦਾ। 'ਚੁੱਪ' ਹੈ ਵਿਚਾਰਾਂ ਅਤੇ ਸੰਸਕਾਰਾਂ ਦਾ ਦਵੰਦ। ਵਿਚਾਰ ਕਰਨਾ ਬੜੀ ਖ਼ੂਬਸੂਰਤ ਪਰਕਿਰਿਆ ਹੈ ਜੇ ਵਿਚਾਰ ਲੜੀ ਬੱਧ ਅਤੇ ਨਿਯਮਬੱਧ ਹੋਣ। ਮਨ ਕਿਉਂਕਿ ਲਗਾਤਾਰ ਗਤੀਸ਼ੀਲ ਵਰਤਾਰਾ ਹੈ, ਮਨ ਕਦੇ ਸ਼ਾਂਤ ਨਹੀਂ ਹੁੰਦਾ। ਮਨੁੱਖੀ ਮਨ ਅੰਦਰ ਵਿਚਾਰਾਂ ਦੇ ਸ਼ੋਰ ਨੂੰ ਕੁਝ ਪਲ ਅੱਖਾਂ ਬੰਦ ਕਰਕੇ ਵੇਖਿਆ ਜਾ ਸਕਦਾ ਹੈ। ਮਹਿਸੂਸ ਕੀਤਾ ਜਾ ਸਕਦਾ ਹੈ। ਪਤਾ ਲੱਗਦਾ ਹੈ ਕਿ ਇਹ ਵਿਚਾਰ ਅਣਸੰਬੰਧਿਤ, ਬੇਕਾਬੂ, ਉੱਘੜ-ਦੁੱਘੜੇ, ਲੜੀਹੀਣ ਅਤੇ ਬੇਅਰਥ ਰੂਪ ਵਿਚ ਹੁੰਦੇ ਹਨ। ਅਸਲ ਵਿੱਚ ਇਹ ਵਿਚਾਰ /ਗੱਲਾਂ /ਘਟਨਾਵਾਂ ਬਾਰ-ਬਾਰ ਆਉਂਦੀਆਂ ਹਨ, ਬਿਨ ਵਿਚਾਰ ਕੀਤੀਆਂ ਸਮ੍ਰਿਤੀਆਂ ਹਨ।

ਵਾਰਤਾਲਾਪ ਵਿੱਚ ਅਜਮੇਰ ਰੋਡੇ ਚੁੱਪ ਸੰਬੰਧੀ ਇੱਕ ਸਵਾਲ ਕਦੇ ਹੋਏ-ਭਗਤੀ ਲਹਿਰ ਦੇ ਸਮਰੱਥਕਾਂ ਅਤੇ ਸੂਫ਼ੀ ਸੰਤਾਂ ਦੇ ਸੰਦਰਭ ਵਿੱਚ ਹਵਾਲਾ ਦਿੰਦੇ ਹਨ ਕਿ ਸੂਫ਼ੀ ਦਰਵੇਸ਼ਾਂ ਨੇ ਮਨ ਨੂੰ ਦੁਨਿਆਵੀ ਵਿਚਾਰਾਂ ਤੋਂ ਖਾਲੀ ਕਰਨ ਲਈ ਸ਼ੁਦਾਅ ਦੀ ਹੱਦ ਤੱਕ ਗਾਉਣ ਅਤੇ ਨੱਚਣ ਦਾ ਢੰਗ ਅਪਣਾਇਆ ਜਿਸ ਨਾਲ ਬੰਦੇ ਦੀ ਹਉਮੈ ਫਨਾਹ ਹੋ ਜਾਵੇ ਤੇ ਉਹ ਅੱਲਾ ਦੀ ਛੋਹ ਪ੍ਰਾਪਤ ਕਰ ਸਕੇ------ ਚੁੱਪ ਵਿੱਚ ਘੁੰਮ ਰਹੇ ਦਰਵੇਸ਼ ਕਿਸੇ ਹੋਰ ਦੁਨਿਆਂ ਤੋਂ ਆਏ ਜੀਵ ਲੱਗਦੇ ਸਨ, ਉਨ੍ਹਾਂ ਦੇ ਮਨਾਂ ਵਿੱਚ ਕੀ ਸੀ ਜਾਂ ਕਿੰਨੀ ਕੁ ਚੁੱਪ ਸੀ, ਇਹ ਤਾਂ ਉਹੀ ਜਾਣਦੇ ਸਨ ਪਰ ਦਰਸ਼ਕਾਂ ਲਈ ਉਹਨਾਂ ਨੇ ਚੁੱਪ ਦਾ ਇੱਕ ਅਜੀਬ ਵਾਤਾਵਰਣ ਸਿਰਜ ਦਿੱਤਾ ਸੀ। ਮੇਰੇ ਲਈ ਚੁੱਪ ਦਾ ਇਹ ਕਦੇ ਨਾ ਭੁੱਲਣ ਵਾਲਾ ਅਨੁਭਵ ਸੀ। ਪਰ ਕੀ ਮਨ ਕਦੇ ਵਿਚਾਰ-ਰਹਿਤ ਹੋ ਸਕਦਾ ਹੈ? ਮਨ ਦੀ ਤਾਂ ਉਤਪਤੀ ਹੀ ਸੋਚਣ ਲਈ ਹੋਈ ਹੈ। ਜ਼ਿੰਦਗੀ ਜੋਤ ਨੂੰ ਜਗਦਾ ਰੱਖਣ ਲਈ। ਲੇਖਕ ਲਈ ਚੁੱਪ ਦੇ ਅਰਥ ਹਨ ਮਨ ਚੋਂ ਅਣਚਾਹੇ ਸ਼ੋਰ ਨੂੰ ਖਾਰਜ ਕਰਨਾ, ਮਨ ਨੂੰ

ਇਕਾਗਰ ਕਰਨਾ, ਪਲ ਭਰ ਲਈ ਸੰਸਕ੍ਰਿਤੀ ਦੇ ਨਿੱਕਸੁੱਕ ਤੋਂ ਵਿਹਲਾ ਕਰਨਾ। ਲੇਖਕ ਲਈ ਸਿਰਜਣਾ ਕਰਨੀ ਹੀ ਚੁੱਪ ਹੋਣ ਦਾ ਸਭ ਤੋਂ ਚੰਗਾ ਸਾਧਨ ਹੈ।

ਅਸੀਂ ਕਵਿਤਾਂ ਵਿੱਚ ਚੁੱਪ ਦੀ ਮਹੱਤਤਾ ਦੀ ਗੱਲ ਕਰ ਰਹੇ ਸੀ। ਪਰ ਚੁੱਪ ਨੂੰ ਧਿਆਨ ਵਿੱਚ ਰੱਖੇ ਤੋਂ ਬਿਨਾਂ ਵੀ ਮਹਾਨ ਕਵਿਤਾਂ ਰਚੀ ਜਾ ਰਹੀ ਹੈ। ਇਸ ਦੀਆਂ ਅਣਗਿਣਤ ਮਿਸਾਲਾਂ ਹਨ : ਤੁਹਾਡੀ ਦੂਜੀ ਪੁਸਤਕ 'ਰਹੁਣ ਕਿਥਾਊ ਨਾਹਿ' ਦੀ ਕਵਿਤਾ ਦੀ ਸੁਰ ਵੀ ਚੁੱਪ ਵਾਲੀ ਨਹੀਂ।

ਅਜਮੇਰ ਰੋਡੇ ਦੇ ਚੁੱਪ ਸੰਬੰਧੀ ਇਸ ਸਵਾਲ ਦਾ ਜਵਾਬ ਦਿੰਦੇ ਹੋਏ ਸੁਖਪਾਲ ਕਹਿੰਦੇ ਹਨ ਹਰ ਵਰਤਾਰੇ ਦਾ ਆਪਣਾ ਵਾਤਾਵਰਣ ਸਾਰਥਕਤਾ ਅਤੇ ਰੈਫ਼ਰੈਂਸ ਹੁੰਦੇ ਹਨ। ਅੰਤਰ ਦੀ ਚੁੱਪ ਸ਼ੋਰ ਦੇ ਵਿਰੁੱਧ ਹੈ, ਇਹ ਬਗਾਵਤ, ਪ੍ਰਤੀਰੋਧ ਅਤੇ ਨਿਆਪੂਰਵਕ ਯੁੱਧ ਦੇ ਵਿਰੁੱਧ ਨਹੀਂ। ਧਾਹ ਮਾਰਣ ਦੇ ਪਲ ਮਨੁੱਖ ਅੰਦਰ ਕੂਕ ਜਗਾਉਂਦੇ ਦੁੱਖ ਤੋਂ ਬਗੈਰ ਹੋਰ ਸਭ ਚੁੱਪ ਹੋ ਗਿਆ ਹੁੰਦਾ ਹੈ। "ਫ਼ਿਲਹਾਲ" ਅੰਕ- 7 ਪੰਨਾ- 51...(1)

ਉਪਰ ਦਿੱਤੀ ਟਿੱਪਣੀ ਨੂੰ ਧਿਆਨ ਨਾਲ ਵਾਚਿਆ ਇੱਕ ਬੜਾ ਹੀ ਰੋਚਕ ਤੱਥ ਸਾਹਮਣੇ ਆਉਂਦਾ ਹੈ ਕਿ 'ਚੁੱਪ' ਆਪਣੇ ਆਪ ਵਿੱਚ, ਆਪਣੇ ਲਈ ਇੱਕ ਪ੍ਰਸ਼ਨ ਹੈ, ਇਹ ਪ੍ਰਸ਼ਨ ਹੈ ਵਾਤਾਵਰਣ ਦੀ ਸਥਿਤੀਆਂ, ਸਥਿਤੀਆਂ ਦੀ ਸਾਰਥਕਤਾ ਦਾ, ਸਥਿਤੀਆਂ ਤੇ ਪ੍ਰਸਥਿਤੀਆਂ ਦੇ ਆਪਣੇ ਰੈਫ਼ਰੈਂਸ ਹੁੰਦੇ ਹਨ। ਸਾਡੇ ਅਤੀਤ ਵਿੱਚ ਇਸ ਚੁੱਪ ਦੇ ਉੱਤਰ ਮਿਲਦੇ ਹਨ। ਧਨੁਰ ਵਿੱਦਿਆਂ ਗ੍ਰਹਿਣ ਕਰ ਰਹੇ ਅਰਜੁਨ ਨੂੰ ਚਿੜੀ ਦੀ ਅੱਖ ਦਾ ਤਾਰਾ ਹੀ ਦਿਖਾਈ ਦਿੰਦਾ ਹੈ। ਇਥੇ ਸ਼ਵਾਲ ਅਰਜੁਨ ਦੀ ਨਿਗਾਹ ਦਾ ਨਹੀਂ ਸਗੋਂ ਨਿਸ਼ਾਨਾ ਲਗਾਉਂਦੇ ਸਮੇਂ ਅਰਜੁਨ ਦੇ ਧੁਰ ਅੰਦਰ ਤੱਕ ਵਿਗਸਦੀ ਉਸ ਸ਼ਾਂਤੀ ਤੋਂ ਹੈ, ਉਸ ਚੁੱਪ ਤੋਂ ਹੈ, ਜੋ ਚਿੜੀ ਦੀ ਅੱਖ ਅਤੇ ਅਰਜੁਨ ਦੀ ਚੇਤਨਾਂ ਦੀ ਇਕਾਗਰਤਾ ਵਿੱਚ ਦ੍ਰਿਸ਼ਟਮਾਨ ਹੁੰਦੀ ਹੈ। ਇਹ ਇਕਾਗਰਤਾ ਉਭਰਣ ਦਾ ਸਬੱਬ ਇਹ ਹੁੰਦਾ ਹੈ ਕਿ ਅਰਜੁਨ ਅੰਦਰ ਸੰਪੂਰਨ ਚੁੱਪ ਹੈ, ਉਸ ਅੰਦਰ ਮਹੀਨਤਰ ਵਿਚਾਰ, ਭਾਵ ਜਾਂ ਕਲਪਨਾ ਨੂੰ ਆਪਣੇ ਸਰੀਰ ਦਾ ਕਣ ਜਿੰਨਾ ਹਿੱਸਾ ਵੀ ਪ੍ਰਭਾਵਿਤ ਕਰਨ ਦੀ ਆਗਿਆ ਨਹੀਂ ਦਿੰਦਾ। ਜਾਪਾਨ ਵਿੱਚ ਧਨੁਰ ਵਿੱਦਿਆ ਦੇਣ ਦਾ ਮਨੋਰਥ ਵੀ ਸਾਧਨਾ ਦੀ ਚੁੱਪ ਰਾਹੀ ਸੰਪੂਰਨ ਇਕਾਗਰਤਾ ਤੱਕ ਪਹੁੰਚਣਾ ਹੈ। ਚੁੱਪ ਦੀ ਚੁੱਪ ਹੋਣ ਤੱਕ ਦੀ ਵੀ ਸਮੇਂ ਸੀਮਾਂ ਹੈ, ਜ਼ਿਆਦਾ ਚੁੱਪ ਵੀ ਇਕਾਗਰਤਾ ਨੂੰ ਭੰਗ ਕਰਦੀ ਹੈ।

'ਰਹੁਣ ਕਿਥਾਊ ਨਾਹਿ' ਕਾਵਿ ਸੰਗ੍ਰਹਿ ਵਿੱਚ ਚੁੱਪ ਦੇ ਮਨਫੀ ਹੋਣ ਦੇ ਜਬਾਬ ਵਿੱਚ ਕਹਿੰਦੇ ਹਨ:-

ਉਸ ਦੇ ਚਾਰ ਚੁਫੇਰੇ ਤਲਵਾਰਾਂ ਖੜਕਦੀਆਂ
ਨਗਾਰੇ ਗੂੰਜਦੇ ਜੈਕਾਰੇ ਵੱਜਦੇ
ਪਰ ਉਸ ਅੰਦਰ ਗਹਿਰੀ ਚੁੱਪ ਹੈ
ਇਸੇ ਲਈ ਉਹ ਜੰਗਾਂ ਹਾਰਣ ਮਗਰੋਂ ਵੀ
ਜ਼ਫ਼ਰਨਾਮਾ ਲਿਖਦਾ ਹੈ।

ਫ਼ਿਲਹਾਲ ਅੰਕ 7 ਪੰਨਾ- 52..(2)

ਇਸ ਕਵਿਤਾ ਵਿੱਚ ਬੇਸ਼ੱਕ ਸਪੱਸ਼ਟ ਚੁੱਪ ਨਹੀਂ ਪਰ ਚੁੱਪ ਮਨ ਦੀ ਵੀ ਨਹੀਂ ਕਹੀ ਜਾ ਸਕਦੀ। ਇਹ ਚੁੱਪ ਪ੍ਰਗਟਦੀ ਹੈ ਅਤਿਅੰਤ ਸ਼ੋਰ ਤੋਂ ਬਾਅਦ। ਸੁਖਪਾਲ ਦੀ ਇਹ ਚੁੱਪ ਨਿੱਜੀ ਨਿਰੋਲ ਸੰਵੇਦਨਾ ਦੀ ਚੁੱਪ ਹੈ ਜੋ ਕਵਿਤਾ ਵਿੱਚ ਆਪਣੇ ਨਿੱਜੀ ਕਾਵਿਕ ਫਿਕਰ ਸ਼ਾਂਤ ਹੋ ਗਏ, ਚੁੱਪ ਹੋ ਗਏ।

ਜਦੋਂ ਸੁਖਪਾਲ ਗੁਰੂ ਗੋਬਿੰਦ ਸਿੰਘ ਅਤੇ ਅਰਜੁਨ ਦੇ ਤੀਰਾਂ ਦੀਆਂ ਨੋਕਾਂ ਦੀ ਚੁੱਪ ਦੀ ਗੱਲ ਕਰਦਾ ਹੈ ਤਾਂ ਕਿਤੇ ਨਾ ਕਿਤੇ ਇਹ ਤਾਂ ਨਹੀਂ ਕਿ ਸਾਡੇ ਸਾਖੀਕਾਰਾਂ ਵਾਂਗ ਸ਼ਰਧਾ ਅਧੀਨ ਹੀ ਚੁੱਪ ਦਾ ਦਰਜਾ ਦਿੱਤਾ ਜਾ ਰਿਹਾ ਹੈ, ਜਦੋਂ ਕਿ ਤੀਰ ਦੀ ਨੋਕ ਚੁੱਪ ਕਦੇ ਵੀ ਸੰਪੂਰਨ ਚੁੱਪ ਨਹੀਂ ਹੋ ਸਕਦੀ। ਇਥੇ ਇਹ ਸਪੱਸ਼ਟ ਕਰਨਾ ਔਖਾ ਹੋ ਜਾਂਦਾ ਹੈ ਕਿ ਇਹ ਚੁੱਪ ਮੌਤ ਦੀ ਚੁੱਪ ਹੈ ਜਾਂ ਕਵਿਤਾ ਦੀ। ਇਹ ਮੰਨਣਯੋਗ ਹੈ ਕਿ ਕਵਿਤਾ ਵਿਚਲੀ ਚੁੱਪ ਤਾਂ ਯੂਨੀਵਰਸਲ ਚੁੱਪ ਹੋ ਸਕਦੀ ਹੈ। ਸਾਡੇ ਕੋਲ ਚੁੱਪ ਦੀਆਂ ਦੋ ਧਾਰਾਵਾਂ ਸਾਹਮਣੇ ਆਉਂਦੀਆਂ ਹਨ। ਇਕ ਬੁੱਧ, ਨਾਨਕ ਅਤੇ ਗਾਂਧੀ ਦੇ ਪ੍ਰਵਚਨਾਂ ਦੀ ਧਾਰਾਂ, ਇਹਨਾਂ ਦੀ ਹਿੰਸਾ ਦੀ ਚੁੱਪ ਦੀ ਧਾਰਾ ਅਤੇ ਦੂਜੀ ਅਰਜੁਨ ਅਤੇ ਗੁਰੂ ਗੋਬਿੰਦ ਸਿੰਘ ਦੇ ਤੀਰਾਂ ਦੀ ਨੋਕ ਵਿਚਲੀ ਚੁੱਪ। ਦੋਨਾਂ ਧਾਰਾਵਾਂ ਵਿੱਚਲੀ ਚੁੱਪ ਵਿੱਚ ਅੰਤਰ ਵੀ ਹੈ। ਅਤੇ ਅੰਤਰ ਸੰਬੰਧਿਤ ਵੀ ਹੈ। ਦੋਨੋਂ ਇੱਕ ਹੀ ਸਿੱਕੇ ਦੇ ਦੋ ਪਾਸੇ ਹਨ।

ਕਵਿਤਾ ਦੇ ਸੰਬੰਧ ਵਿੱਚ ਪੰਜਾਬੀ ਕਵੀਆਂ ਨੂੰ ਬਹੁਤ ਸਾਰੀਆਂ ਕਠਿਨਾਈਆਂ ਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹੀ ਗੱਲ ਹੈ ਕਿ ਪੰਜਾਬੀ ਕਵੀ ਕਵਿਤਾ ਵਿੱਚ ਸਦੀਵੀ ਚੁੱਪ ਸਿਰਜਣ ਵਿੱਚ ਅਸਮੱਰਥ ਹਨ। ਪੰਜਾਬੀ ਕਵਿਤਾ ਉੱਚੇ ਤੇ ਤਿੱਖੇ ਸੁਰ ਵਾਲੀ ਹੈ, ਕਾਰਣ ਹੈ ਪੰਜਾਬੀ ਕਵੀ ਬੰਦਸ਼ਾ ਦੀ ਵਲਗਣ ਵਿੱਚ ਜੀਅ ਰਿਹਾ ਹੈ – ਘਰ ਦੀ ਬੰਦਸ਼, ਸਮਾਜ ਦੀ ਬੰਦਸ਼ ਧਰਮ ਦੀ ਬੰਦਸ਼, ਆਰਥਿਕ ਬੰਦਸ਼ਾਂ ਇਹਨਾਂ ਸਾਰੀਆਂ ਬੰਦਸ਼ਾਂ ਦੀ ਸੁਰ ਉੱਚੀ ਹੈ। ਇਹ ਸੁਰ ਉੱਚੀ ਹੋਣ ਕਰਕੇ ਚੁੱਪ ਦੀ ਸੁਰ, ਸਦੀਵੀ ਸੁਰ ਸਿਰਜ ਦੀ ਨਹੀਂ ਹੁੰਦੀ । ਜਦੋਂ ਕਿ ਵੱਡੇ ਲੇਖਕ ਹਿੰਸਾ ਵਿੱਚੋਂ ਵੀ ਵੀ ਚੁੱਪ ਸਿਰਜ ਲੈਂਦੇ ਹਨ। ਸੁਖਪਾਲ ਦਾ ਕਹਿਣਾ ਹੈ ਕਿ ਹਿੰਸਾ ਦਾ ਸੰਬੰਧ ਵਾਪਰ ਰਹੀ ਘਟਨਾ ਨਾਲੋਂ ਜ਼ਿਆਦਾ ਏਸ ਨਾਲ ਹੈ ਕਿ ਮਨੁੱਖ ਘਟਨਾ 'ਰਿਲੇਟ' ਕਿਵੇਂ ਕਰਦਾ ਹੈ। ਸ਼ੋਰ, ਦੁੱਖ, ਭੁੱਖ ਜਾਂ ਵੇਦਨਾ ਦੀ ਸਾਰਥਕਤਾ ਦਾ ਨਿਰਣਾ ਇਹ ਵਰਤਾਰੇ ਨਹੀਂ ਕਰਦੇ, ਵਿਅਕਤੀ ਕਰਦਾ ਹੈ। "ਫ਼ਿਲਹਾਲ" ਅੰਕ – 7 ਪੰਨਾ 53 ...(3)ਇੱਥੇ ਇਹ ਗੱਲ ਵਰਣਨਯੋਗ ਹੈ ਕਿ ਵਿਅਕਤੀ ਚੇਤਨ ਸੁੱਖ ਦੀ ਬਜਾਏ ਦੁੱਖ ਵੇਲੇ ਜ਼ਿਆਦਾ ਕਿਰਿਆਸ਼ੀਲ ਅਤੇ ਕਾਰਜਸ਼ੀਲ ਹੁੰਦਾ ਹੈ। ਵਿਅਕਤੀ ਜਦੋਂ ਦੁੱਖ ਵਿੱਚ ਵਿਚਰਦਾ ਹੈ, ਅੰਦਰ ਸ਼ੋਰ ਵਾਂਗ ਵਾਪਰਦਾ ਹੈ, ਇਹ ਦੁੱਖ, ਇਹ ਅੰਦਰਲਾ ਸ਼ੋਰ ਮਨੁੱਖ ਨੂੰ ਏਨਾ ਗ੍ਰਸ ਲੈਂਦਾ ਹੈ ਕਿ ਉਹਦੀ ਲੜਨ ਵਾਲੀ ਤਾਕਤ ਖਤਮ ਹੋ ਜਾਂਦੀ ਹੈ। ਇਹ ਦੁੱਖ ਹੀ ਹੈ ਜੋ ਮਨੁੱਖੀ ਚੇਤਨ ਵਿੱਚ ਚੇਤਨਾ ਬਣਕੇ ਵਪਾਰਦਾ ਹੈ, ਜਗਾਉਂਦਾ ਹੈ, ਨਵਾਂ ਸਿਰਜਦਾ ਹੈ, ਨਵਾਂ ਵਿਖਾਉਂਦਾ ਹੈ। ਇਹ ਦੁੱਖ ਇੱਕ ਦਰਸ਼ਨ ਬਣ ਕੇ ਵਾਪਰਦਾ ਹੈ। ਸ਼ਾਇਦ ਇਹੀ ਵੱਡਾ ਅੰਤਰ ਹੈ ਤੀਰਾਂ ਦੀ ਨੋਕ ਉੱਪਲੀ ਚੁੱਪ ਦਾ ਅਤੇ ਕਵਿਤਾ ਵਿਚਲੀ ਚੁੱਪ ਦਾ। ਕਵਿਤਾ ਵਿਚਲੀ ਚੁੱਪ ਸਿਰਜਦੀ ਹੈ, ਜਗਾਉਂਦੀ ਹੈ, ਨਵਿਆਉਂਦੀ ਹੈ। ਜਿਹੜੀ ਦਰਸ਼ਨ ਦੇ ਸਨਮੁੱਖ ਹੁੰਦੀ ਮਨ ਵਿੱਚ ਵਾਪਰਦੀਆਂ ਤਬਦੀਲੀਆਂ ਤੋਂ ਪਾਰ ਹੈ, ਚੇਤੰਨਤਾ ਨੂੰ ਪੂਰੀ ਤਾਕਤ ਬਖਸ਼ਦੀ ਹੈ। ਮਨੁੱਖੀ ਵਿਵੇਕ ਅਤੇ ਆਤਮ ਤਾਕਤ ਸੁੱਖ ਦੇ ਬਜਾਇ ਦੁੱਖ ਵਿਚ ਵਧੇਰੇ ਜਾਗਦੇ ਹਨ। ਇੱਕ ਸੁਹਿਰਦ /ਚੇਤਨਾ ਸਾਹਿਤਕਾਰ ਇਸ ਸ਼ੋਰ ਨੂੰ ਆਪਣੇ ਉੱਪਰ ਹਾਵੀ ਨਹੀਂ ਹੋਣ ਦਿੰਦਾ ਸਗੋਂ ਸਾਰੇ ਵਰਤਾਰੇ ਨੂੰ ਨਿਰਖਦਾ ਹੈ, ਜਾਣਦਾ ਹੈ, ਸਮਝਦਾ ਹੈ ਅਤੇ ਇਸ ਸ਼ੋਰ `ਚੋ ਚੁੱਪ ਦੀ ਸਾਰਥਿਕਤਾ ਦੀ ਪਛਾਣ ਕਰਦਾ ਹੈ। ਅਜਮੇਰ ਰੋਡੇ ਦਾ ਸਵਾਲ ਸੀ ਕਵਿਤਾ ਵਿੱਚ ਚੁੱਪ ਦੀ ਮਹੱਤਤਾ ਸੰਸਾਰ ਦੀਆਂ ਸਮਕਾਲੀ ਸਥਿਤੀਆਂ ਵਿੱਚ ਕਵਿਤਾ ਦੀ ਕੀ ਸਾਰਥਕਤਾ ਹੈ? ਜਦੋਂ ਕਿ ਸੰਸਾਰ ਭਰ ਵਿੱਚ ਗਲਪ ਦਾ ਬੋਲਬਾਲਾ ਹੈ ਕਵਿਤਾ ਬੀਤੇ ਹੋਏ ਸਮੇਂ ਦੀ ਗੱਲ ਬਣ ਚੁੱਕੀ ਹੈ। ਵਿਸ਼ਵ ਪੱਧਰੀ ਬੋਲੀਆਂ ਦੇ ਕਵੀਆਂ ਦੀਆਂ ਪੁਸਤਕਾਂ ਘੱਟ , ਬਲਕਿ ਬਹੁਤ ਗਿਣਤੀ ਵਿੱਚ ਛਪ ਰਹੀਆਂ ਹਨ। ਰੋਡੇ ਕਹਿੰਦਾ ਹੈ ਕਿ ਕਵਿਤਾ ਦੀ ਲੋੜ ਵਿੱਚ ਉਤਾਰ ਚੜ੍ਹਾਅ ਆ ਸਕਦੇ ਹਨ ਪਰ ਇਹ ਅਲੋਪ ਕਦੇ ਨਹੀਂ ਹੋਵੇਗੀ।

ਇਸ ਸੰਬੰਧੀ ਸੁਖਪਾਲ ਦੀ ਗੱਲ ਬੜਾ ਹੀ ਮਹੱਤਵਪੂਰਨ ਹੈ ਕਿ ਸਰਮਾਏਦਾਰੀ ਵਿੱਚ ਉਸ ਵਸਤੂ ਨੂੰ ਹੀ ਪੈਦਾ ਕੀਤਾ ਜਾਂਦਾ ਹੈ, ਜਿਸ ਦੀ ਮੰਗ ਹੋਵੇ। ਜਿਹਦੀ ਮੰਗ ਨਹੀਂ, ਲੋੜ ਨਹੀਂ ਉਸ ਵਸਤੂ ਦੀ ਉਪਜ ਵੀ ਨਹੀਂ ਹੁੰਦੀ। ਭਾਵ ਸਰਮਾਏਦਾਰੀ ਲੋੜ ਮੁਖੀ ਹੈ, ਇਥੇ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਕਵਿਤਾ ਇੱਕ ਚੇਤਨਾ ਹੈ, ਕੋਈ ਪਦਾਰਥ ਨਹੀਂ। ਕਵਿਤਾ ਦਾ ਮੁੱਢਲਾ ਕਾਰਜ ਹੈ ਉਹ ਸਭ

ਦਿਖਾਉਣਾ, ਜਿਸ ਨੂੰ ਅੱਖ ਨਹੀਂ ਵੇਖਦੀ। ਇਹ ਅਣਦਿਸਦੀ ਵਸਤੂ / ਚੀਜ਼ ਅੰਤਰ ਮਨ ਦੀਆਂ ਡੂੰਘੀਆਂ ਤਹਿਆਂ ਵਿੱਚ ਪਨਪਦਾ ਕੋਈ ਸੂਖਮ ਅਤੇ ਆਦਿੱਖ ਭਾਵ ਤੱਕ ਵੀ ਹੋ ਸਕਦਾ ਹੈ। ਸੋ ਜ਼ਾਹਿਰ ਹੈ ਜਦੋਂ ਤੱਕ ਅਣਦਿੱਸਦੇ ਨੂੰ ਦੇਖਣ ਦੀ ਲੋੜ ਰਹੇਗੀ, ਉਦੋਂ ਤਕ ਕਵਿਤਾ ਦੀ ਲੋੜ ਰਹੇਗੀ।

ਫ਼ਿਲਹਾਲ- ਅੰਕ- 7 ਪੰਨਾ 54...(4)

ਬੇਸ਼ੱਕ ਅਜੋਕਾ ਦੌਰ ਆਧੁਨਿਕਤਾ ਤੋਂ ਪਾਰ ਉੱਤਰ-ਆਧੁਨਿਕਤਾ ਦਾ ਹੈ। ਪੂੰਜੀਵਾਦੀ ਨਿਜ਼ਾਮ ਵਲੋਂ ਇੱਕ ਅਜਿਹਾ ਸੱਭਿਆਚਾਰ ਸਿਰਜਿਆਂ ਜਾ ਰਿਹਾ ਹੈ, ਜਿਸ ਵਿੱਚ ਮਾਨਵੀ ਰਿਸ਼ਤੇ ਮਨ ਦੀ ਹੋਂਦ ਤੱਕ ਜਾ ਪਹੁੰਚੇ ਹਨ। ਵਿਅਕਤੀ ਦੀ ਕਦਰ-ਕੀਮਤ ਉਸ ਦੇ ਵਿਅਕਤੱਤਵ ਵਿਚੋ ਨਹੀਂ ਬਲਕਿ ਉਸ ਦੇ ਪੂੰਜੀ ,ਉਪਜ ਦੇ ਸਾਧਨ, ਉਸਦੀ ਖਪਤ ਦੇ ਆਧਾਰ ਤੇ ਮਾਪੀ ਜਾਂਦੀ ਹੈ। ਅਜੋਕਾ ਮਨੁੱਖ ਇਸ ਸੱਭਿਆਚਾਰ ਵਿੱਚ ਆਪਣੀ ਪਚਾਣ ਇੱਕ ਵਸਤੂ ਦੇ ਤੌਰ ਤੇ ਕਰਵਾਉਂਦਾ ਹੈ। ਜਿਥੇ ਇਸ ਦੇ ਪੇਸ਼ ਸੈਂਕੜੇ ਪਰੇਸ਼ਾਨੀਆਂ, ਜਿੱਲਤਾਂ, ਸਮੱਸਿਆਵਾਂ ਹੀ ਆਉਂਦੀਆਂ ਹਨ। ਅਜਿਹੇ ਮਾਹੌਲ ਵਿੱਚ ਮਨੁੱਖ ਦਿਨ-ਬ-ਦਿਨ ਚੇਤਨਾ ਪੱਖੋਂ ਸੱਖਣਾ ਹੁੰਦਾ ਜਾ ਰਿਹਾ ਹੈ। ਪੂੰਜੀਵਾਦੀ ਲੋਕਾਂ ਦੀ ਆਖਰੀ ਪਹੁੰਚ ਸੱਤਾ ਤੇ ਹੈ। ਇਸ ਇੱਛਾ ਦੀ ਪੂਰਤੀ ਲਈ ਵਿਸ਼ਵ ਵਿੱਚ ਮੰਡੀ ਸੱਭਿਆਚਾਰ ਦੀ ਹੋਂਦ ਜ਼ਰੂਰੀ ਸੀ। ਅਮਰੀਕਾ ਅੱਜ ਵਿਸ਼ਵ ਦੀ ਸਭ ਤੋਂ ਵੱਡੀ ਮੰਡੀ ਦੇ ਰੂਪ ਵਿੱਚ ਉਭਰਿਆ ਹੈ। ਸੱਭਿਅਤਾ ਨੇ ਏਨਾ ਕੁ ਵਿਕਾਸ ਕਰ ਲਿਆ ਹੈ ਕਿ ਮੰਡੀ ਸ਼ਹਿਰਾਂ ਦੀ ਵਲਗਣ ਤੋਂ ਲੈ ਕੇ ਕਸਬਿਆਂ, ਮਹੱਲਿਆਂ ਘਰਾਂ ਰਾਹੀਂ ਹੁੰਦੀ ਹੋਈ ਮਨੁੱਖ ਦੀ ਜੇਬ ਤੱਕ ਪਹੁੰਚ ਗਈ ਹੈ। ਪਰ ਇਸਦੇ ਅਰਥ ਇਹ ਕਦੇ ਨਹੀਂ ਲਏ ਜਾ ਸਕਦੇ ਕਿ ਕਵਿਤਾ ਅੰਤ ਕਿਨਾਰੇ ਪਹੁੰਚ ਚੁੱਕੀ ਹੈ ਜਾਂ ਪਹੁੰਚਣ ਵਾਲੀ ਹੈ। ਕਵਿਤਾ ਸਾਰੀਆਂ ਸਾਹਿਤਕ ਵਿਧਾਵਾਂ ਵਿਚੋਂ ਇੱਕ ਅਜਿਹੀ ਵਿਧਾ ਹੈ ਜਿਸ ਰਾਹੀਂ ਮਨੁੱਖ ਆਪਣੇ ਭਾਵਾਂ, ਜਜ਼ਬਿਆਂ ਨੂੰ ਸਭ ਤੋਂ ਵੱਧ ਅਤੇ ਸਭ ਤੋਂ ਚੰਗੀ ਤਰ੍ਹਾਂ ਪੇਸ਼ ਕਰ ਸਕਿਆ ਹੈ। ਬੇਸ਼ੱਕ ਅਮਰੀਕਾ ਵਿਸ਼ਵ ਵਿੱਚ ਸਭ ਤੋਂ ਵੱਡੀ ਮੰਡੀ ਦੇ ਰੂਪ ਵਿੱਚ ਉਭਰਿਆਂ ਹੈ ਪਰ ਨਾਲ ਹੀ ਉੱਥੇ ਕਵਿਤਾ ਦਾ ਬੋਲਬਾਲਾ ਸਭ ਤੋਂ ਵੱਧ ਹੈ। ਸੋ ਕਵਿਤਾ ਮਨੁੱਖ ਦੀ ਤਾਤਵਿਕ ਲੋੜ ਹੈ, ਸਾਡੀ ਜਿੰਦਗੀ ਦਾ ਇੱਕ ਭਾਗ ਬਣ ਚੁੱਕੀ ਹੈ।

ਏਥੇ ਇਹ ਕਹਿਣਾ ਵੀ ਯੋਗ ਹੈ ਕਿ ਬੇਸ਼ੱਕ ਕਵਿਤਾ ਦੀ ਲੋੜ ਪਹਿਲਾਂ ਵਾਂਗ ਹੀ ਹੈ ਪਰ ਚਿੰਤਾ ਦਾ ਵਿਸ਼ਾ ਹੈ ਇਸ ਦੇ ਪਸਾਰ ਦਾ ਸੁੰਗੜ ਜਾਣਾ। ਆਦਿ ਕਾਲ ਤੋਂ ਹੁਣ ਤੱਕ ਮਨੁੱਖੀ ਸੱਭਿਅਤਾ ਦਾ ਵਿਕਾਸ ਭੌਤਿਕ ਤੇ ਮਾਨਸਿਕ ਦੋਹਾਂ ਪੱਖਾਂ ਤੋਂ ਹੋਇਆਂ ਹੈ। ਅਜੋਕਾ ਪੂੰਜੀਵਾਦੀ, ਪਦਾਰਥਵਾਦੀ ਦੌਰ ਹੈ, ਜਿੱਥੇ ਭੌਤਿਕ ਲੋੜਾਂ, ਭੌਤਿਕ ਪੱਖ ਚੇਤਨਾ ਤੇ ਭਾਰੂ ਹੋ ਰਿਹਾ ਹੈ।

ਵਿਸ਼ਵ ਦੀ ਆਬਾਦੀ ਵਧਣ ਨਾਲ ਪਦਾਰਥਕ ਸੋਮਿਆਂ ਦੀ ਵੰਡ ਹੋਣ ਨਾਲ ਗਿਣਤੀ ਘੱਟ ਰਹੀ ਹੈ। ਲਗਾਤਾਰ ਮਨੁੱਖਤਾ ਵਿੱਚ ਪਦਾਰਥਕ ਸੋਮਿਆਂ ਦੀ ਵੰਡ ਪ੍ਰਤੀ ਨਾਬਰਾਬਰਤਾ ਵਧ ਰਹੀ ਹੈ। ਪਦਾਰਥਕ ਸੋਮਿਆ ਦੀ ਵੱਧ ਤੋਂ ਵੱਧ ਗਿਣਤੀ ਮਨੁੱਖ ਨੂੰ ਮਾਪਣ ਦੇ ਆਧਾਰ ਹਨ। ਹੋਇਆਂ ਇਹ ਹੈ ਕਿ ਮਨੁੱਖ ਇਹਨਾਂ ਪਦਾਰਥਕ ਸੋਮਿਆਂ ਦੀ ਪ੍ਰਾਪਤੀ ਦੀ ਦੌੜ ਵਿੱਚ ਆਪਣੇ ਆਪ ਤੋਂ ਦੂਰ ਹੁੰਦਾ ਜਾ ਰਿਹਾ ਹੈ, ਆਪਣੇ ਕਰੱਤਵਾ ਪ੍ਰਤੀ ਚੇਤਨਾ ਘੱਟਦੀ ਜਾ ਰਹੀ ਹੈ। ਮਨੁੱਖਤਾ ਦੀ ਗੁਲਾਮੀ ਦਾ ਸਭ ਤੋਂ ਵੱਡਾ ਕਾਰਨ ਹੈ, ਚੇਤਨਾ ਦੀ ਘਟਦੀ ਮਿਕਦਾਰ। ਚੇਤਨਾ ਇੱਕ ਅਜਿਹਾ ਸਾਧਨ ਹੈ ਜੋ ਭੁੱਖ ਅਤੇ ਲੋੜ ਦੀ ਪੂਰਤੀ ਕਰਦੀ ਹੈ। ਇਸ ਤਰ੍ਹਾਂ ਕਵਿਤਾ ਦਾ ਪਹਿਲਾ ਕਾਰਜ ਚੇਤਨਾ ਜਗਾਉਣਾ ਮਨੁੱਖ ਦੀ ਚੇਤਨਾ ਏਨੀ ਕੁ ਸਮਰੱਖ ਬਣਾ ਦੇਵੇ ਕਿ ਆਪਣੇ-ਆਪ ਅਤੇ ਆਪਣੇ ਤੋਂ ਬਾਹਰ ਵਰਤਦੇ ਵਰਤਾਰਿਆਂ ਨੂੰ ਤਹਿ ਤੱਕ ਸਮਝ ਸਕੇ। ਇਹ ਮੰਡੀ ਸੱਭਿਆਚਾਰ ਦੀ ਵਿਸ਼ਵ ਪ੍ਰਤੀ ਸਭ ਤੋਂ ਮਾਰੂ ਸ਼ਰਾਰਤ ਇਹ ਹੈ ਕਿ ਮਨੁੱਖ ਨੂੰ ਖਰੀਦਣ ਤੱਕ ਸੀਮਿਤ ਕਰਕੇ ਬਾਕੀ ਸਾਰੀਆਂ ਸੰਵੇਦਨਾਵਾਂ ਬੰਦ ਕਰ ਦੇਣੀਆਂ ਅਜਿਹਾਂ ਕਰਨ ਲਈ ਇਸ਼ਤਿਹਾਰ ਬ੍ਰੈਂਡ-ਨੇਮ-ਕਲਚਰ, ਵਰਾਇਟੀ ਅਤੇ ਸਸਤੇ ਘਰੇਲੂ ਸੀਰੀਅਲ ਸ਼ੋਰ ਭਰਿਆਂ ਅਤੇ ਨਾਚ ਇਸਦੇ ਹਥਿਆਰ ਹਨ। ਜਿਵੇਂ-ਜਿਵੇਂ ਸਮਾਜ ਵਿੱਚ ਇਹਨਾਂ ਦਾ ਕ੍ਰੇਜ਼ ਵੱਧਦਾ ਜਾ ਰਿਹਾ ਜਾ ਹੈ, ਮਨੁੱਖੀ ਚੇਤਨਾ ਸੁੰਨੀ ਹੁੰਦੀ ਜਾਂ ਰਹੀ ਹੈ। ਕਵਿਤਾ ਵੀ ਇਹਨਾਂ ਵਿਚੋਂ ਇੱਕ ਹੈ।

ਦੇਖਿਆ ਜਾਵੇ ਤਾਂ ਧਰਮ ਅਤੇ ਵਿਗਿਆਨ ਮਨੁੱਖੀ ਚੇਤਨਾ ਨੂੰ ਅਗਰਸਰ ਕਰਨ ਵਾਲੇ ਦੋ ਮਹੱਤਪੂਰਨ ਪਹਿਲੂ ਹਨ। ਪਰ ਅਜੋਕੀ ਧਾਰਮਿਕਤਾ, ਅਧਿਆਤਮਿਕਤਾ ਆਦਿ ਵੀ ਇਸ ਮੰਡੀ ਸੱਭਿਆਚਾਰ ਦੀ ਇੱਕ ਵਸਤੂ ਵਜੋਂ ਪੇਸ਼ ਹੋ ਰਹੀ ਹੈ। ਧਰਮ ਇੱਕ ਦੁਕਾਨਦਾਰੀ ਦਾ ਰੂਪ ਲੈ ਚੁੱਕਾ ਹੈ। ਸੰਸਕ੍ਰਿਤੀ ਅਤੇ ਵਿਗਿਆਨ ਨੂੰ ਮੰਡੀ ਨੇ ਨਿਗਲ ਲਿਆ ਹੈ। ਅੱਜ ਭੌਤਿਕ ਪਦਾਰਥਾਂ, ਆਰਥਿਕਤਾ ਨੇ ਧਰਮ ਅਤੇ ਵਿਗਿਆਨ ਤੇ ਪੂਰੀ ਤਰ੍ਹਾਂ ਕਬਜਾ ਕਰ ਲਿਆ ਹੈ। ਅੱਜ ਮਨੁੱਖ ਦੀ ਮਹਾਨਤਾ ਗਿਆਨੀ ਜਾਂ ਵਿਗਿਆਨੀ ਹੋਣ ਵਿੱਚ ਨਹੀਂ, ਸਗੋਂ ਤਾਕਤਵਰ ਹੋਣ ਵਿੱਚ ਹੈ। ਮੰਡੀ ਵਿੱਚ ਵਸਤੂ ਬਣਿਆ ਬੰਦਾ ਵਸਤਾਂ ਦੀ ਮਲਕੀਅਤ ਭਾਲਦਾ ਹੈ ਤੇ ਮੰਡੀ ਚਾਲਉਣ ਵਾਲਾ ਵਸੀਲਿਆਂ ਦੀ ਮਾਲਕੀਅਤ ਭਾਲਦਾ ਹੈ। ਚੇਤਨਾ ਨਾ ਵਸਤੂ ਹੈ ਨਾ ਵਸੀਲਾ। ਸੋ ਚੇਤਨਾ ਲੱਭਣ ਵਾਲੇ ਘਟ ਰਹੇ ਹਨ। ਸ਼ਾਇਦ ਇਹੀ ਕਾਰਨ ਹੈ ਕਿ ਕਵਿਤਾ ਘਟ ਰਹੀ ਹੈ। ਚੇਤਨਾਂ ਹੀ ਹੈ ਜਿਸਨੇ ਮਨੁੱਖ ਨੂੰ ਵਸਤਾਂ ਤੇ ਵਸੀਲਿਆਂ ਤੋਂ ਮੁਕਤ ਕਰਨਾ ਹੈ।

ਅਖਿਰ ਵਿੱਚ ਏਨਾ ਹੀ ਕਿਹਾ ਜਾਂ ਸਕਦਾ ਹੈ ਕਿ ਮੰਡੀ ਆਧੁਨਿਕ ਦੌਰ ਵਿੱਚ ਹੀ ਨਹੀਂ ਉੱਭਰੀ ਸਗੋਂ ਇਹ ਮੁੱਢਲੇ ਸਮੇਂ ਤੋਂ ਹੀ ਮਨੁੱਖ ਦੇ ਨਾਲ ਰਹੀ ਹੈ। ਪਰ ਇਹ ਮੰਨਣ ਵਿੱਚ ਵੀ ਸੰਕੋਚ ਨਹੀਂ ਕਰਨਾ ਚਾਹੀਦਾ ਕਿ ਅਜੋਕੀ ਮੰਡੀ ਮਨੁੱਖੀ ਜੀਵਨ ਤੇ ਸਭ ਤੋਂ ਵੱਧ ਭਾਰੂ ਪੈ ਰਹੀ ਹੈ। ਇਸ ਮੰਡੀ ਦੇ ਕਵਿਤਾ ਪ੍ਰਤੀ ਵੀ ਦੋ ਪੱਖ ਉਜਾਗਰ ਹੁੰਦੇ ਹਨ। ਜਿਥੇ ਮੰਡੀ ਕਵਿਤਾ ਨੂੰ ਪਿਛੋਕੜ ਵਿੱਚ ਧੱਕ ਰਹੀ ਹੈ, ਉੱਥੇ ਕਵਿਤਾ ਵੀ ਮੰਡੀ ਨੂੰ ਇੰਟਰਨੈੱਟ ਦੇ ਜ਼ਰੀਏ ਵਰਤ ਰਹੀ ਹੈ। ਇਨਫਰਮੇਸ਼ਨ ਦੇ ਭੰਡਾਰ, ਇਨਫਰਮੇਸ਼ਨ ਦੀ ਵਰਤਮਾਨਤਾ ਅਣਗਿਣਤ ਸ਼ਬਦਕੋਸ਼, ਥੇਸੋਰਸ ਇਨਸਾਇਕਲੋਪੀਡੀਏ ਤੇ ਅਜਿਹੇ ਹੋਰ ਰੈਂਫਰੈਂਸ ਸੋਮੇ ਕਵਿਤਾ ਲਿਖਣ ਵਿੱਚ ਸਹਾਈ ਵੀ ਹੋ ਰਹੇ ਹਨ। ਅੱਜ ਕਵਿਤਾ ਦੀਆਂ ਈ-ਬੁਕਸ ਬਣ ਰਹੀਆਂ ਹਨ ਈ-ਰੀਡਰ ਬਣ ਚੁੱਕੇ ਹਨ, ਜਿਨ੍ਹਾਂ ਤੇ ਸਾਹਿਤ ਪੁਸਤਕਾਂ ਵਾਂਗ ਪੜ੍ਹਿਆਂ ਜਾ ਸਕਦਾ ਹੈ।

ਇਹ ਵੀ ਹੈ ਕਿ ਇੱਕ ਭੁਲੇਖਾ ਹੀ ਮੰਨਿਆਂ ਜਾ ਸਕਦਾ ਹੈ ਕਿ ਕਵਿਤਾ ਦਾ ਘੇਰਾ ਸੁੰਗੜ ਰਿਹਾ ਹੈ ਪਰ ਸੱਚ ਇਹ ਹੈ ਕਿ ਕਵਿਤਾ ਰੂਪ ਬਦਲ ਕੇ ਸਾਹਿਤ ਅਤੇ ਕਲਾ ਦੇ ਹੋਰ ਰੂਪ ਵਿੱਚ ਕਾਵਿਕ ਸ਼ੈਲੀ ਦੇ ਨਾਵਲ, ਕਾਵਿਕ ਵਾਰਤਕ, ਸਟੇਜੀ ਗੀਤਾ- ਆਪਣਾ ਪਸਾਰ ਰਹੀ ਹੈ। ਬੇਸ਼ੱਕ ਕਵਿਤਾ ਲਿਖੀ ਜਾ ਰਹੀ ਹੈ ਪਰ ਸਦੀਵੀ ਤੇ ਸੰਜੀਦਾ ਕਵਿਤਾ ਰਚਨਾਂ ਵਿੱਚ ਕਮੀ ਮਹਿਸੂਸ ਕੀਤੀ ਜਾ ਰਹੀ ਹੈ। ਸਰਮਾਏਦਾਰੀ ਦੇ ਵਿਰੋਧ ਵਿਚ ਨਾਰੀਵਾਦ ਦੀ ਲਹਿਰ, ਵਾਤਾਵਰਣ ਦੀ ਤਬਾਹੀ ਦੇ ਡਰੋ ਨਵੀ ਪੀੜ੍ਹੀ ਖਪਤ ਸੱਭਿਆਚਾਰ ਦੇ ਵਿਰੋਧ ਵਿੱਚ ਖੜ੍ਹੀ ਹੁੰਦੀ ਨਜ਼ਰ ਆ ਰਹੀ ਹੈ। ਖਪਤਕਾਰੀ ਦੇ ਪਤਨ ਵਿੱਚ ਸੰਜੀਦਾ ਕਵਿਤਾ ਦੀ ਪੁਨਰ ਸੁਰਜੀਤੀ ਦੀ ਸੰਭਾਵਨਾ ਹੋਰ ਵੀ ਹੋ ਜਾਂਦੀ ਹੈ। ਜਿਉਂ ਹੀ ਮੰਡੀ ਸੱਭਿਆਚਾਰ ਦਾ ਸ਼ੋਰ ਘਟੇਗਾ ਚੁੱਪ ਦੀ ਮਹੱਤਤਾ ਵਧੇਗੀ, ਚੁੱਪ ਫਿਰ ਤੋਂ ਸਮਝੀ ਜਾਵੇਗੀ।

ਸਾਡੀ ਸਮੂਚੀ ਚਰਚਾ ਸੁਖਪਾਲ ਦੀ ਕਵਿਤਾ ਵਿਚਲੀ ਚੁੱਪ ਤੋਂ ਸ਼ੁਰੂ ਹੋਈ ਸੀ ਤੇ ਚੁੱਪ ਤੇ ਆ ਪਹੁੰਚੀ ਹੈ। ਉਮੀਦ ਹੈ ਦੌਰ ਬਦਲੇਗਾ, ਚੁੱਪ ਦੀ ਮਹੱਤਤਾ ਵਧੇਗੀ ਤੇ ਚੁੱਪ ਬਾਰੇ ਲੰਬੀ ਚਰਚਾ ਦੀ ਲੋੜ ਨਹੀਂ ਰਹੇਗੀ।

ਹਵਾਲੇ ਅਤੇ ਟਿੱਪਣੀਆਂ

1.ਫਿਲਹਾਲ ਅੰਕ ...7,ਪੰਨਾ 51

2.ਫਿਲਹਾਲ ਅੰਕ...7,ਪੰਨਾ 52

3.ਫਿਲਹਾਲ ਅੰਕ...7,ਪੰਨਾ 53

4.ਫਿਲਹਾਲ ਅੰਕ...7,ਪੰਨਾ 54